**ਸ਼੍ਰੇਣੀ : ਛੇਵੀਂ**

# ਖੇਤੀਬਾੜੀ

**ਸਮਾਂ : 2½ ਘੰਟੇ** | **ਲਿਖਤੀ ਪ੍ਰੀਖਿਆ : 50 ਅੰਕ**

**ਸਮਾਂ : 2 ਘੰਟੇ** | **ਪ੍ਰਯੋਗੀ ਪ੍ਰੀਖਿਆ : 40 ਅੰਕ**

**ਆਂਤਰਿਕ ਮੁਲਾਂਕਣ : 10 ਅੰਕ**

**ਪਾਠਕ੍ਰਮ**

## ਲਿਖਤੀ

1. **ਪੰਜਾਬ ਵਿੱਚ ਖੇਤੀਬਾੜੀ - ਇੱਕ ਝਾਤ** : ਅਰਥ-ਵਿਵਸਥਾ ਵਿੱਚ ਖੇਤੀਬਾੜੀ ਦਾ ਯੋਗਦਾਨ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਹਰੀ ਕ੍ਰਾਂਤੀ ਵਿੱਚ ਯੋਗਦਾਨ, ਪੰਜਾਬ ਦੀ ਖੇਤੀ ਵਿੱਚ ਖੜੋਤ ਆਉਣ ਦੇ ਕਾਰਨ, ਕੁਦਰਤੀ ਸੋਮਿਆਂ ਨੂੰ ਬਚਾਉਣਾ ।
2. **ਭੂਮੀ** : ਭੂਮੀ, ਭੂਮੀ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ, ਕਣਾਂ ਦੇ ਅਧਾਰ ਤੇ ਭੂਮੀ ਦੀਆਂ ਕਿਸਮਾਂ, ਭਾਰਤ ਵਿੱਚ ਪਾਈ ਜਾਣ ਵਾਲੀਆਂ ਮਿੱਟੀ ਦੀਆਂ ਕਿਸਮਾਂ, ਭੂਮੀ ਦੀਆਂ ਕਿਸਮਾਂ ਅਨੁਸਾਰ ਪੰਜਾਬ ਦੀ ਵੰਡ, ਭੂਮੀ ਨਾਲ ਸਬੰਧਤ ਸਮੱਸਿਆਵਾਂ ।
3. **ਫ਼ਸਲਾਂ ਦੀ ਵੰਡ** : ਫ਼ਸਲਾਂ ਦੀ ਵੰਡ : ਰੁੱਤ, ਬਨਸਪਤੀ ਵਿਗਿਆਨ, ਆਰਥਿਕ, ਜੀਵਨ-ਕਾਲ, ਜਲਵਾਯੂ, ਸਿੰਚਾਈ ਅਤੇ ਕਿਸੇ ਖਾਸ ਮੰਤਵ ਦੇ ਆਧਾਰ ਦੇ ਭੂਮੀ ਦੀ ਵੰਡ ।
4. **ਪਾਣੀ ਦਾ ਖੇਤੀ ਵਿੱਚ ਮਹੱਤਵ** : ਸਿੰਚਾਈ ਦੀ ਲੋੜ, ਸਿੰਚਾਈ ਦੇ ਸਾਧਨ, ਸਿੰਚਾਈ ਦੇ ਤਰੀਕੇ : ਸਤਹਿ ਸਿੰਚਾਈ, ਸਬ-ਸਤਹਿ ਸਿੰਚਾਈ, ਫੁਹਾਰਾ ਸਿੰਚਾਈ, ਤੁਪਕਾ ਸਿੰਚਾਈ ।
5. **ਖਾਦਾਂ** : ਪੌਦਿਆਂ ਲਈ ਖੁਰਾਕੀ ਤੱਤਾਂ ਦੀ ਲੋੜ, ਖਾਦਾਂ ਦੀਆਂ ਕਿਸਮਾਂ : ਕੁਦਰਤੀ ਅਤੇ ਰਸਾਇਣਕ ਖਾਦਾਂ । ਖਾਦਾਂ ਦੀ ਵੱਧ ਵਰਤੋਂ ਦੇ ਨੁਕਸਾਨ ।
6. **ਖੇਤੀ ਸੰਦ ਅਤੇ ਮਸ਼ੀਨਾਂ** : ਖੇਤੀ ਵਿੱਚ ਸੰਦਾਂ ਅਤੇ ਮਸ਼ੀਨਾਂ ਦਾ ਮਹੱਤਵ । ਖੇਤੀਬਾੜੀ ਵਿੱਚ ਵੱਖ-ਵੱਖ ਮੰਤਵਾਂ ਲਈ ਵਰਤੇ ਜਾਣ ਵਾਲੇ ਆਧੁਨਿਕ ਸੰਦ ਅਤੇ ਮਸ਼ੀਨਾਂ ਬਾਰੇ ਜਾਣਕਾਰੀ ।
7. **ਪੰਜਾਬ ਦੇ ਮੁੱਖ ਫਲ** : ਮਨੁੱਖੀ ਭੋਜਨ ਵਿੱਚ ਫ਼ਲਾਂ ਦਾ ਮਹੱਤਵ, ਪੰਜਾਬ ਵਿੱਚ ਫ਼ਲਾਂ ਅਧੀਨ ਰਕਬਾ, ਨਿੰਬੂ ਜਾਤੀ ਦੇ ਫ਼ਲ, ਅਮਰੂਦ, ਅੰਬ, ਨਾਸ਼ਪਾਤੀ, ਬੇਰ, ਲੀਚੀ ਅਤੇ ਆੜੂ ਆਦਿ ਬਾਰੇ ਸੰਖੇਪ ਜਾਣਕਾਰੀ ।
8. **ਪੰਜਾਬ ਦੀ ਮੁੱਖ ਸਬਜ਼ੀਆਂ** : ਮਨੁੱਖੀ ਭੋਜਨ ਵਿੱਚ ਸਬਜ਼ੀਆਂ ਦਾ ਮਹੱਤਵ, ਗਰਮੀ ਅਤੇ ਸਰਦੀ ਰੁੱਤ ਦੀਆਂ ਸਬਜ਼ੀਆਂ । ਆਲੂ, ਮਿਰਚ, ਟਮਾਟਰ, ਕੱਦੂ ਜਾਤੀ ਦੀਆਂ ਸਬਜ਼ੀਆਂ, ਭਿੰਡੀ, ਬੈਂਗਣ, ਗੋਭੀ, ਮਟਰ, ਪਿਆਜ਼, ਜੜ੍ਹਾਂ ਵਾਲੀਆਂ ਅਤੇ ਪੱਤੇਦਾਰ ਸਬਜ਼ੀਆਂ ਬਾਰੇ ਸੰਖੇਪ ਜਾਣਕਾਰੀ ।
9. **ਪੰਜਾਬ ਦੇ ਫੁੱਲ ਅਤੇ ਸਜਾਵਟੀ ਬੂਟੇ** : ਮਨੁੱਖੀ ਜੀਵਨ ਵਿੱਚ ਫੁੱਲਾਂ ਅਤੇ ਸਜਾਵਟੀ ਬੂਟਿਆਂ ਦਾ ਮਹੱਤਵ, ਫੁੱਲਾਂ, ਸਜਾਵਟੀ ਰੁੱਖਾਂ, ਵੇਲਾਂ ਅਤੇ ਝਾੜੀਆਂ ਬਾਰੇ ਸੰਖੇਪ ਜਾਣਕਾਰੀ ।
10. **ਖੇਤੀ ਸਹਾਇਕ ਧੰਦੇ** : ਖੇਤੀ ਸਹਾਇਕ ਧੰਦਿਆਂ ਦੀ ਲੋੜ, ਖੇਤੀ ਸਹਾਇਕ ਧੰਦੇ - ਖੁੰਬਾਂ ਉਗਾਉਣਾ, ਮਧੂ ਮੱਖੀ ਪਾਲਣ, ਪਸ਼ੂ ਪਾਲਣ, ਸਬਜ਼ੀਆਂ ਉਗਾਉਣਾ, ਖੇਤੀ ਵਸਤਾਂ ਦੀ ਪ੍ਰੋਸੈਸਿੰਗ, ਖੇਤੀ ਸੇਵਾ ਕੇਂਦਰ, ਖੇਤੀ ਸਲਾਹਕਾਰ ਕੇਂਦਰ ਆਦਿ ।

# ਪ੍ਰਯੋਗੀ

1. ਵਿਦਿਆਰਥੀਆਂ ਨੂੰ ਭੂਮੀ ਦੀਆਂ ਵੱਖ-ਵੱਖ ਕਿਸਮਾਂ ਬਾਰੇ ਜਾਣਕਾਰੀ ਦੇਣਾ ।
2. ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਦੀ ਪਛਾਣ ਅਤੇ ਕਾਸ਼ਤ ਸਬੰਧੀ ਜਾਣਕਾਰੀ ਦੇਣਾ ।
3. ਸਿੰਚਾਈ ਦੇ ਵੱਖ-ਵੱਖ ਤਰੀਕਿਆਂ ਬਾਰੇ ਦੱਸਣਾ ।
4. ਕੁਦਰਤੀ ਅਤੇ ਰਸਾਇਣਕ ਖਾਦਾਂ ਦੀ ਪਛਾਣ ਅਤੇ ਉਹਨਾਂ ਵਰਤੋਂ ਸਬੰਧੀ ਜਾਣਕਾਰੀ ਦੇਣਾ ।
5. ਨਵੀਨਤਮ ਖੇਤੀ ਸੰਦ ਅਤੇ ਮਸ਼ੀਨਾਂ ਦਾ ਚਾਰਟ ਆਦਿ ਤਿਆਰ ਕਰ ਕੇ ਜਾਣਕਾਰੀ ਦੇਣਾ ।
6. ਬਾਗ ਦਾ ਦੌਰਾ ਕਰ ਕੇ ਫ਼ਲਾਂ ਦੀ ਕਾਸ਼ਤ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
7. ਸਕੂਲ ਜਾਂ ਘਰ ਵਿੱਚ ਪੌਸ਼ਟਿਕ ਸਬਜ਼ੀਆਂ ਦੀ ਬਗੀਚੀ ਤਿਆਰ ਕਰਨਾ ।
8. ਸਕੂਲ ਵਿੱਚ ਫੁੱਲ, ਸਜਾਵਟੀ ਪੌਦੇ, ਝਾੜੀਆਂ ਅਤੇ ਵੇਲਾਂ ਆਦਿ ਉਗਾਉਣਾ ।
9. ਵੱਖ-ਵੱਖ ਸਹਾਇਕ ਧੰਦੇ ਅਪਣਾਉਣ ਵਾਲੇ ਅਗਾਂਹਵਧੂ ਕਿਸਾਨਾਂ ਦੇ ਫਾਰਮਾਂ ਦਾ ਦੌਰਾ ਕਰਨਾ ।

**ਸ਼੍ਰੇਣੀ : ਸੱਤਵੀਂ**

# ਖੇਤੀਬਾੜੀ

**ਸਮਾਂ : 2½ ਘੰਟੇ** **ਲਿਖਤੀ ਪ੍ਰੀਖਿਆ : 50 ਅੰਕ**

**ਸਮਾਂ : 2 ਘੰਟੇ** **ਪ੍ਰਯੋਗੀ ਪ੍ਰੀਖਿਆ : 40 ਅੰਕ**

**ਆਂਤਰਿਕ ਮੁਲਾਂਕਣ : 10 ਅੰਕ**

# ਪਾਠਕ੍ਰਮ

## ਲਿਖਤੀ

1. **ਹਰਾ ਇਨਕਲਾਬ :** ਹਰਾ ਇਨਕਲਾਬ ਕੀ ਹੈ ? ਹਰਾ ਇਨਕਲਾਬ ਆਉਣ ਦੇ ਕਾਰਨ : ਸੁਧਰੀਆਂ ਕਿਸਮਾ ਦੇ ਬੀਜ, ਸਿੰਚਾਈ ਸਹੂਲਤਾਂ, ਰਸਾਇਣਕ ਖਾਦਾਂ, ਮਿਹਨਤਕਸ਼ ਕਿਸਾਨ, ਸੁਚੱਜਾ ਮੰਡੀਕਰਨ, ਖੋਜ ਅਤੇ ਸਿਖਲਾਈ ਸਹੂਲਤਾਂ ਆਦਿ।
2. **ਖੇਤੀ ਲਈ ਮਿੱਟੀ ਅਤੇ ਪਾਣੀ ਦੀ ਪਰਖ :** ਮਿੱਟੀ ਦੀ ਪਰਖ : ਖਾਦਾਂ ਦੀ ਲੋੜ ਸਬੰਧੀ ਮਿੱਟੀ ਦੀ ਪਰਖ ਲਈ ਨਮੂਨਾ ਲੈਣ ਦਾ ਤਰੀਕਾ, ਕੱਲਰੀ ਜ਼ਮੀਨਾਂ ਵਿੱਚੋਂ ਮਿੱਟੀ ਦਾ ਨਮੂਨਾ ਲੈਣ ਦਾ ਤਰੀਕਾ, ਬਾਗ ਲਗਾਉਣ ਲਈ ਮਿੱਟੀ ਦੀ ਪਰਖ ਲਈ ਨਮੂਨਾ ਲੈਣ ਦਾ ਤਰੀਕਾ। ਪਾਣੀ ਦੀ ਪਰਖ : ਟਿਊਬਵੈੱਲ ਦੇ ਪਾਣੀ ਦੀ ਪਰਖ ਲਈ ਨਮੂਨਾ ਲੈਣ ਦਾ ਤਰੀਕਾ। ਮਿੱਟੀ ਅਤੇ ਪਾਣੀ ਪਰਖ ਪ੍ਰਯੋਗਸ਼ਾਲਾਵਾਂ। ਮਿੱਟੀ ਅਤੇ ਪਾਣੀ ਪਰਖ ਰਿਪੋਰਟ।
3. **ਫ਼ਸਲਾਂ ਲਈ ਲੋੜੀਂਦੇ ਖੁਰਾਕੀ ਤੱਤ :** ਫ਼ਸਲਾਂ ਲਈ ਜ਼ਰੂਰੀ ਖੁਰਾਕੀ ਤੱਤ, ਖੁਰਾਕੀ ਤੱਤਾਂ ਦਾ ਮਹੱਤਵ, ਮੁੱਖ ਤੱਤ ਅਤੇ ਸੂਖ਼ਮ ਤੱਤ। ਵੱਖ-ਵੱਖ ਫ਼ਸਲਾਂ ਵਿੱਚ ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਗੰਧਕ, ਜ਼ਿੰਕ, ਲੋਹਾ, ਮੈਗਨੀਜ਼ ਆਦਿ ਖੁਰਾਕੀ ਤੱਤਾਂ ਦੇ ਮੁੱਖ ਕੰਮ, ਘਾਟ ਦੀਆਂ ਨਿਸ਼ਾਨੀਆਂ ਅਤੇ ਪੂਰਤੀ ।
4. **ਖੇਤੀ ਵਿੱਚ ਪਾਣੀ ਦੀ ਸੁਚੱਜੀ ਵਰਤੋਂ :** ਪਾਣੀ ਦੀ ਲੋੜ, ਪਾਣੀ ਦਾ ਜ਼ਮੀਨੀ ਪੱਧਰ ਡਿੱਗਣ ਦੇ ਕਾਰਨ, ਸਿੰਚਾਈ ਦੇ ਤਰੀਕੇ : ਖੁੱਲ੍ਹੀ ਸਿੰਚਾਈ, ਤੁਪਕਾ ਸਿੰਚਾਈ, ਫੁਆਰਾ ਸਿੰਚਾਈ, ਵੱਟਾਂ/ਖੇਲਾਂ ਬਣਾ ਕੇ ਸਿੰਚਾਈ, ਬੈੱਡ ਬਣਾ ਕੇ ਸਿੰਚਾਈ ਆਦਿ। ਸਿੰਚਾਈ ਵਾਲੇ ਪਾਣੀ ਦੀ ਬੱਚਤ । ਪਾਣੀ ਦੀ ਸੰਭਾਲ ਦੇ ਤਰੀਕੇ : ਫ਼ਸਲੀ ਵਿਭਿੰਨਤਾ, ਆਧੁਨਿਕ ਖੇਤੀ ਮਸ਼ੀਨਰੀ, ਝੋਨੇ ਵਿੱਚ ਟੈਂਸ਼ੀਉਮੀਟਰ ਦੀ ਵਰਤੋਂ, ਮਲਚਿੰਗ, ਮੀਂਹ ਦੇ ਪਾਣੀ ਨੂੰ ਸੰਭਾਲਣਾ, ਪੱਕੀਆਂ ਨਹਿਰਾਂ ਅਤੇ ਖਾਲ ਬਣਾਉਣਾ ਆਦਿ।
5. **ਨਦੀਨ ਅਤੇ ਉਹਨਾਂ ਦੀ ਰੋਕਥਾਮ :** ਨਦੀਨ ਦੀ ਪਰਿਭਾਸ਼ਾ, ਨਦੀਨਾਂ ਦੇ ਨੁਕਸਾਨ, ਨਦੀਨਾਂ ਦੀਆਂ ਸ਼੍ਰੇਣੀਆਂ : ਘਾਹ ਵਾਲੇ ਨਦੀਨ, ਚੌੜੀ ਪੱਤੀ ਵਾਲੇ ਨਦੀਨ। ਹਾੜੀ ਅਤੇ ਸਾਉਣੀ ਦੇ ਨਦੀਨ। ਨਦੀਨਾਂ ਦੀ ਰੋਕਥਾਮ ਦੇ ਤਰੀਕੇ : ਗੋਡੀ, ਕਾਸ਼ਤਕਾਰੀ ਢੰਗ, ਨਦੀਨ ਨਾਸ਼ਕਾਂ ਰਾਹੀਂ ਆਦਿ। ਨਦੀਨਾਂ ਦੀ ਵਰਤੋਂ ਅਤੇ ਸਾਵਧਾਨੀਆਂ।
6. **ਫ਼ਸਲਾਂ ਦੇ ਕੀੜੇ ਅਤੇ ਬੀਮਾਰੀਆਂ :** ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ : ਰਸ ਚੂਸਣ ਵਾਲੇ ਕੀੜੇ, ਫ਼ਲ ਅਤੇ ਤਣਾ ਛੇਦਕ ਕੀੜੇ, ਪੱਤੇ ਖਾਣ ਵਾਲੇ ਕੀੜੇ, ਜੜ੍ਹਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ। ਫ਼ਸਲਾਂ ਦੀਆਂ ਬੀਮਾਰੀਆਂ : ਉੱਲੀ, ਜੀਵਾਣੂਆਂ ਅਤੇ ਵਿਸ਼ਾਣੂਆਂ ਨਾਲ ਹੋਣ ਵਾਲੀਆਂ ਬੀਮਾਰੀਆਂ। ਪੌਦਿਆਂ ਵਿੱਚ ਕੀੜਿਆਂ ਅਤੇ ਬੀਮਾਰੀਆਂ ਦੀ ਸਰਵ-ਪੱਖੀ ਰੋਕਥਾਮ। ਦਵਾਈਆਂ ਅਤੇ ਜ਼ਹਿਰਾਂ ਦੀ ਗਲਤ ਵਰਤੋਂ ਤੋਂ ਬਚਾਓ।
7. **ਪੋਸ਼ਟਿਕ ਘਰੇਲੂ ਬਗੀਚੀ :** ਘਰੇਲੂ ਬਗੀਚੀ ਦੇ ਫਾਇਦੇ : ਸੰਤੁਲਿਤ ਖੁਰਾਕ, ਜ਼ਹਿਰ-ਮੁਕਤ ਭੋਜਨ, ਵਿਹਲੇ ਸਮੇਂ ਦੀ ਸੁਚੱਜੀ ਵਰਤੋਂ, ਪਰਿਵਾਰਕ ਖਰਚੇ ਵਿੱਚ ਕਮੀ ਆਦਿ। ਬਗੀਚੀ ਤਿਆਰ ਕਰਦੇ ਸਮੇਂ ਧਿਆਨ ਰੱਖਣ ਯੋਗ ਗੱਲਾਂ : ਥਾਂ ਦੀ ਚੋਣ, ਸਬਜ਼ੀਆਂ ਦੀ ਚੋਣ, ਵਿਉਂਤਬੰਦੀ, ਖਾਦਾਂ ਦੀ ਵਰਤੋਂ, ਨਦੀਨਾਂ ; ਕੀੜਿਆਂ ਅਤੇ ਬੀਮਾਰੀਆਂ ਦੀ ਰੋਕਥਾਮ, ਸਬਜ਼ੀਆਂ ਦੀ ਤੁੜਾਈ ਆਦਿ। ਜੜ੍ਹੀ-ਬੂਟੀਆਂ ਉਗਾਉਣਾ। ਘਰੇਲੂ ਬਗੀਚੀ ਦਾ ਮਾਡਲ ਤਿਆਰ ਕਰਨਾ।
8. **ਸਜਾਵਟੀ ਬੂਟੇ :** ਸਜਾਵਟੀ ਬੂਟਿਆਂ ਦੀ ਮਹੱਤਤਾ। ਸਜਾਵਟੀ ਰੁੱਖ, ਝਾੜੀਆਂ ਅਤੇ ਵੇਲਾਂ ਦਾ ਅਧਿਐਨ ਕਰਨਾ। ਗਰਮੀ, ਬਰਸਾਤ ਅਤੇ ਸਰਦੀ ਦੇ ਫੁੱਲਾਂ ਬਾਰੇ ਜਾਣਕਾਰੀ।

9. **ਅਨਾਜ ਦੀ ਸੰਭਾਲ :** ਅਨਾਜ ਦੀ ਸੰਭਾਲ ਦੀ ਲੋੜ, ਹਾਨੀਕਾਰਕ ਕੀੜੇ, ਅਨਾਜ ਨੂੰ ਕੀੜਿਆਂ ਤੋਂ ਬਚਾਉਣ ਦੇ ਤਰੀਕੇ। ਘਰੇਲੂ ਅਤੇ ਵਪਾਰਕ ਪੱਧਰ 'ਤੇ ਅਨਾਜ ਸਟੋਰ ਕਰਨ ਦੇ ਤਰੀਕੇ। ਗੁਦਾਮ ਵਿੱਚ ਰੱਖੇ ਅਨਾਜ ਨੂੰ ਕੀੜਿਆਂ ਤੋਂ ਬਚਾਉਣਾ। ਗੁਦਾਮ ਬਣਾਉਣ ਲਈ ਕਰਜ਼ਾ ਸਹੂਲਤਾਂ।

10. **ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ :** ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਦੀ ਲੋੜ, ਨਵਿਆਉਣਯੋਗ ਅਤੇ ਨਾ-ਨਵਿਆਉਣਯੋਗ ਕੁਦਰਤੀ ਸੋਮੇ। ਹਵਾ ਦੀ ਸੰਭਾਲ, ਘਰਾਂ ; ਕਾਰਖਾਨਿਆਂ ਅਤੇ ਖੇਤਾਂ ਵਿੱਚ ਪਾਣੀ ਦੀ ਸੰਭਾਲ, ਮਿੱਟੀ ਦੀ ਸੰਭਾਲ।

11. **ਬਾਇਓ ਗੈਸ :** ਬਾਇਓ ਗੈਸ ਕੀ ਹੈ ? ਬਾਇਓ ਗੈਸ ਦੀ ਸੰਰਚਨਾ, ਬਣਾਉਣ ਦੀ ਵਿਧੀ, ਲਾਭ, ਬਾਇਓ ਗੈਸ ਪਲਾਂਟ ਦੇ ਡਿਜ਼ਾਈਨ, ਢੁੱਕਵੇਂ ਅਕਾਰ ਅਤੇ ਥਾਂ ਦੀ ਚੋਣ। ਪਹਿਲੀ ਵਾਰ ਬਾਇਓ ਗੈਸ ਪਲਾਂਟ ਨੂੰ ਚਾਲੂ ਕਰਨਾ। ਬਾਇਓ ਗੈਸ ਪਲਾਂਟ ਦੇ ਕੰਮਕਾਜ ਸਮੇਂ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ।

# ਪ੍ਰਯੋਗੀ

1. ਚੀਕਣੀ, ਰੇਤਲੀ ਅਤੇ ਮੈਰਾ ਜ਼ਮੀਨਾਂ ਦੀ ਪਛਾਣ ਕਰਨਾ।
2. ਸਕੂਲ ਵਿੱਚ ਸਬਜ਼ੀਆਂ ਅਤੇ ਫੁੱਲਾਂ ਦੀ ਪਨੀਰੀ ਤਿਆਰ ਕਰਨਾ। ਪੌਦਿਆਂ ਦੀ ਨਰਸਰੀ ਵਿੱਚ ਜਾ ਕੇ ਨਵੇਂ ਪੌਦੇ ਤਿਆਰ ਕਰਨ ਦੇ ਤਰੀਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
3. ਮਾਲ ਵਿਭਾਗ ਦੇ ਦਫ਼ਤਰ ਵਿਖੇ ਜਾ ਕੇ ਖੇਤੀ ਪੈਮਾਇਸ਼ ਨਾਲ ਸਬੰਧਤ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ। ਫਰਦ ਸੁਵਿਧਾ ਕੇਂਦਰ ਵਿਖੇ ਜਾ ਕੇ ਭੂਮੀ ਰਿਕਾਰਡ ਦੇ ਕੰਪਿਊਟਰੀਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ। ਸਕੂਲ ਵਿੱਚ ਵੈੱਬਸਾਈਟ www.plrs.org.in ਤੇ ਜ਼ਮੀਨ ਦਾ ਰਿਕਾਰਡ ਦੇਖਣ ਬਾਰੇ ਜਾਣਕਾਰੀ ਦੇਣਾ।
4. ਆਪਣੇ ਜ਼ਿਲ੍ਹੇ ਦੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਅਧਿਕਾਰੀਆਂ ਨਾਲ ਸੰਪਰਕ ਕਰ ਕੇ ਸੂਰਜੀ ਊਰਜਾ ਨਾਲ ਚੱਲਣ ਵਾਲੇ ਯੰਤਰਾਂ ਅਤੇ ਸਬਸਿਡੀਆਂ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ।
5. ਕਿਸੇ ਖੁੰਬਾਂ ਉਗਾਉਣ ਵਾਲੇ ਫਾਰਮ ਤੇ ਜਾ ਕੇ ਖੁੰਬਾਂ ਉਗਾਉਣ ਸਬੰਧੀ ਸਮੁੱਚੀ ਜਾਣਕਾਰੀ ਪ੍ਰਾਪਤ ਕਰਨਾ। ਬਾਗਬਾਨੀ ਵਿਭਾਗ ਦੀ ਸਹਾਇਤਾ ਨਾਲ ਸਕੂਲ ਵਿੱਚ ਖੁੰਬਾਂ ਦੀ ਕਾਸ਼ਤ ਕਰਨਾ।
6. ਕਿਸੇ ਮਧੂ ਮੱਖੀ ਪਾਲਣ ਫਾਰਮ ਤੇ ਜਾ ਕੇ ਮਧੂ ਮੱਖੀ ਪਾਲਣ, ਸਾਜੋ-ਸਮਾਨ ਅਤੇ ਹੋਰ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ।
7. ਖੇਤੀ ਸਹਿਯੋਗ ਧੰਦੇ – ਡੇਅਰੀ ਫਾਰਮ, ਮੱਛੀ ਫਾਰਮ, ਖਰਗੋਸ਼ ਫਾਰਮ, ਸੂਰ ਫਾਰਮ ਆਦਿ ਦਾ ਦੌਰਾ ਕਰਨਾ।
8. ਵਿਦਿਆਰਥੀਆਂ ਨੂੰ ਜ਼ਹਿਰ-ਮੁਕਤ ਖੇਤੀ ਕਰਨ ਲਈ ਪ੍ਰੇਰਿਤ ਕਰਨਾ।
9. ਖੇਤੀ ਮਸ਼ੀਨਾਂ ਬਾਰੇ ਜਾਣਕਾਰੀ ਦੇਣਾ ਅਤੇ ਉਹਨਾਂ ਦੀ ਸਾਂਭ-ਸੰਭਾਲ ਦੇ ਤਰੀਕਿਆਂ ਬਾਰੇ ਦੱਸਣਾ।
10. ਸਬਜ਼ੀਆਂ ਅਤੇ ਫ਼ਲਾਂ ਤੋਂ ਅਚਾਰ, ਸ਼ਰਬਤ, ਮੁਰੱਬਾ ਅਤੇ ਚੱਟਨੀ ਆਦਿ ਤਿਆਰ ਕਰਨਾ। ਕਿਸੇ ਨੇੜਲੇ ਫੂਡ ਪ੍ਰੋਸੈਸਿੰਗ ਪਲਾਂਟ ਦਾ ਦੌਰਾ ਕਰਨਾ।
11. ਬਾਗਾਂ ਅਤੇ ਸਬਜ਼ੀਆਂ ਵਾਲੇ ਖੇਤਾਂ ਦਾ ਦੌਰਾ ਕਰਨਾ।